ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ: 3689 ਸ.1/ਕਾਲਜ
ਮਿਤੀ: 19-10-22

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਦੇ ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ

ਵਿਸ਼ਾ : ਸੈਸ਼ਨ 2022-23 ਦੌਰਾਨ ਅੰਡਰ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ ਪਹਿਲਾ ਦੀ ਲੇਟ ਫੀਸ ਦੀ ਮਿਤੀ ਵਿੱਚ ਵਾਧਾ ਕਰਨ ਸਬੰਧੀ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ ਪਹਿਲਾ ਦੀ ਪਹਿਲਾ ਨਿਰਧਾਰਤ ਕੀਤੀ ਗਈ ਮਿਤੀ ਵਿੱਚ ਲੇਟ ਫੀਸ ਨਾਲ ਵਾਧਾ ਕਰਨ ਸਬੰਧੀ।

ਹਵਾਲਾ : 3330ਸ1/ਕਾਲਜ ਮਿਤੀ 20/9/2022, 3344ਸ/1ਕਾਲਜਾਂ ਮਿਤੀ 30/9/2022 ਅੰਡਰ-ਗ੍ਰੈਜੂਏਟ ਕੋਰਸਾਂ ਸਬੰਧੀ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਸਬੰਧੀ

ਸ੍ਰੀਮਾਨ/ਸ੍ਰੀਮਤੀ ਜੀ,

ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਦਿੱਤੇ ਗਏ ਆਦੇਸ਼ਾਂ ਅਨੁਸਾਰ ਸੈਸ਼ਨ 2022-23 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਅੰਡਰ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ ਪਹਿਲਾ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ ਪਹਿਲਾ ਦੀਆਂ ਲੇਟ ਫੀਸ ਨਾਲ ਦਾਖਲਾ ਮਿਤੀਆਂ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤਾ ਜਾਂਦਾ ਹੈ।

| | | |
|---|---|---|
| **1.** | **2000/-**ਰੁਪਏ ਲੇਟ ਫੀਸ ਨਾਲ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | ਮਿਤੀ 28.10.2022 ਤੱਕ (ਅੰਡਰ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ ਪਹਿਲਾ ਸਬੰਧੀ) |
| **2.** | **2000/-**ਰੁਪਏ ਲੇਟ ਫੀਸ ਨਾਲ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | ਮਿਤੀ 28.10.2022 ਤੱਕ (ਪੋਸਟ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ ਪਹਿਲਾ ਸਬੰਧੀ ) |

ਕਾਲਜਾਂ ਨੂੰ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਕਤ ਲੇਟ ਦਾਖਲਾ ਫੀਸ ਨਾਲ ਦਾਖਲ ਕੀਤੇ ਵਿਦਿਆਰਥੀਆਂ ਦੇ ਸਬੰਧਤ ਕੋਰਸ ਵਿੱਚ ਨਿਯਮਾਂ ਅਨੁਸਾਰ ਨਿਰਧਾਰਤ ਲੋੜੀਂਦੇ ਲੈਕਚਰ/ਹਾਜ਼ਰੀਆਂ ਪੂਰੀਆਂ ਕਰਵਾਉਣ ਦੀ ਜ਼ਿੰਮੇਵਾਰੀ ਕਾਲਜ ਦੀ ਆਪਣੀ ਹੋਵੇਗੀ।

ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਕਤ ਲੇਟ ਦਾਖਲਾ ਫੀਸ ਨਾਲ ਦਾਖਲ ਕੀਤੇ ਵਿਦਿਆਰਥੀਆਂ ਦੀਆਂ ਦਾਖਲਾ ਰਜਿਸਟ੍ਰੇਸ਼ਟ ਰਿਟਰਨਾਂ/ਪ੍ਰੀਖਿਆ ਫਾਰਮ ਉਕਤ ਨਿਰਧਾਰਤ ਸ਼ਡਿਊਲ ਅਨੁਸਾਰ ਆਖਰੀ ਮਿਤੀ ਤੋਂ ਬਾਅਦ ਬਿਨਾਂ ਲੇਟ ਫੀਸ ਨਾਲ ਪੰਜ ਕੰਮ-ਕਾਜੀ ਦਿਨਾਂ ਦਿਨਾਂ ਦੇ ਅੰਦਰ-ਅੰਦਰ ਯੂਨੀਵਰਸਿਟੀ ਵਿਖੇ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਣਗੇ।

ਡੀਨ, ਕਾਲਜ ਵਿਕਾਸ ਕੌਂਸਲ

ਪਿਠ ਅੰਕਣ ਨੰ: ............ ਮਿਤੀ:........................

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਕੰਟਰੋਲਰ (ਪ੍ਰੀਖਿਆਵਾਂ)
2. ਡਾਇਰੈਕਟਰ ਕੰਸਟੀਚੂਐਂਟ ਕਾਲਜਾਂ
3. ਨਿਗਰਾਨ, ਰਜਿਸਟਰੇਸ਼ਨ ਬ੍ਰਾਂਚ
4. ਨਿਗਰਾਨ (ਲੇਖਾ-2)

19/10/22

ਡੀਨ, ਕਾਲਜ ਵਿਕਾਸ ਕੌਂਸਲ